International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

# ਹਰਿਮੰਦਰ ਸਾਹਿਬ ਦਾ ਇਤਿਹਾਸ ਅਤੇ ਸਿੱਖ ਜਗਤ ਵਿੱਚ ਸਥਾਨ

*ਕਮਲਦੀਪ ਕੌਰ*

*ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਦੇਵ ਸਮਾਜ ਕਾਲਜ ਫ਼ਾਰ ਵੂਮੈਨ, ਫਿਰੋਜ਼ਪੁਰ*

ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਸਰਵ-ਉੱਤਮ ਤੀਰਥ ਸਥਾਨ ਹੈ,ਜਿਸ ਨਾਲ ਸਿੱਖ ਅਧਿਆਤਮਿਕ, ਮਾਨਸਿਕ ਤੇ ਸਰੀਰਿਕ ਤੌਰ 'ਤੇ ਜੁੜੇ ਹੋਏ ਹਨ।ਇਹ ਧਾਰਮਿਕ ਸਥਾਨ ਕਿਸੇ ਪੀਰ-ਫ਼ਕੀਰ ਜਾਂ ਅਵਤਾਰ ਦੇ ਨਾਮ ਉੱਪਰ ਨਹੀਂ,ਸਗੋਂ ਸਰਵ-ਉੱਚ, ਸਰਵ-ਸ਼ਕਤੀਮਾਨ ਅਕਾਲ ਪੁਰਖ ਹਰਿ(ਹਰੀ) ਦੇ ਨਾਮ 'ਤੇ ਹੈ,ਜੋ ਉਸ ਪਰਮਾਤਮਾ ਦਾ ਆਪਣਾ ਨਿਵਾਸ ਹੈ।ਇਹ ਸੰਸਾਰ ਦਾ ਇਕੱਲਾ ਅਜਿਹਾ ਧਰਮ-ਅਸਥਾਨ ਹੈ,ਜੋ ਮਨੁੱਖੀ ਸਾਂਝੀਵਾਲਤਾ ਅਤੇ ਏਕਤਾ ਦਾ ਪ੍ਰਤੀਕ ਹੈ।ਸ਼੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਮੁਸਲਮਾਨ ਸਾਂਈ ਮੀਆਂ-ਮੀਰ ਤੋਂ ਰੱਖਵਾ ਕੇ ਮਨੁੱਖ ਅਤੇ ਰੱਬ ਦੀ ਏਕਤਾ ਦਾ ਸਬੂਤ ਦਿੰਦੇ ਹੋਏ ਸੰਦੇਸ਼ ਦਿੱਤਾ ਕਿ ਅਕਾਲ-ਪੁਰਖ ਪਰਮਾਤਮਾ ਵਿਆਪਕ ਹੈ ਅਤੇ ਸਾਰੀ ਸ੍ਰਿਸ਼ਟੀ ਵਿੱਚ ਵਿਦਮਾਨ ਹੈ, ਇਹ ਕਿਸੇ ਇੱਕ ਦਿਸ਼ਾ ਵਿਚ ਨਹੀ ਰਹਿੰਦਾ। ਸ਼੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਹਨ, ਜੋ ਹਰ ਦਿਸ਼ਾ ਵੱਲ ਖੁੱਲਦੇ ਹਨ ਅਤੇ ਇਸ ਗੱਲ ਦਾ ਸੂਚਕ ਹਨ ਕਿ ਸੰਸਾਰ ਦੇ ਸਾਰੇ ਲੋਕ ਬਿਨ੍ਹਾਂ ਕਿਸੇ ਵਿਤਕਰੇ ਅਤੇ ਭੇਦ-ਭਾਵ ਦੇ ਇਨ੍ਹਾਂ ਚਾਰੇ ਦਰਵਾਜ਼ਿਆਂ ਤੋਂ ਇਸ ਅੰਦਰ ਪ੍ਰਵੇਸ਼ ਕਰਕੇ ਇੱਕ ਬਰਾਦਰੀ ਦਾ ਰੂਪ ਧਾਰਨ ਕਰ ਸਕਦੇ ਹਨ।ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਕਾਢ ਹੈ।ਇਸਦਾ ਇਤਿਹਾਸ ਰੌਂਗਟੇ ਖੜ੍ਹੇ ਕਰਨ ਵਾਲਾ ਹੈ।ਸ਼੍ਰੀ ਹਰਿਮੰਦਰ ਸਾਹਿਬ ਸਿੱਖ ਇਤਿਹਾਸ ਦਾ ਕੇਂਦਰ ਹੈ ਅਤੇ ਸਿੱਖ ਇਤਿਹਾਸ ਦੀ ਕੋਈ ਵੀ ਘਟਨਾ ਅਜਿਹੀ ਨਹੀ ਹੈ,ਜੋ ਕਿਸੇ ਨਾ ਕਿਸੇ ਰੂਪ ਵਿਚ ਇਸ ਨਾਲ ਸਬੰਧਿਤ ਨਾ ਹੋਵੇ।ਉਸ ਅਕਾਲ-ਪੁਰਖ ਪਰਮਾਤਮਾ ਵਿਚ ਸ਼ਰਧਾ ਰੱਖਣ ਵਾਲੇ ਹਰੇਕ ਮਨੁੱਖ ਲਈ ਇਹ ਚੜ੍ਹਦੀ ਕਲ੍ਹਾ ਬਖਸ਼ਣ ਵਾਲਾ ਸਥਾਨ ਹੈ।ਸੋ, ਅਸੀ ਹੱਥਲੇ ਪਰਚੇ ਵਿਚ ਸ਼੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਅਤੇ ਸਿੱਖ-ਜਗਤ ਵਿੱਚ ਅਸਥਾਨ ਦੇ ਬਾਰੇ ਭਰਪੂਰ ਚਰਚਾ ਕਰਾਂਗੇ ਕਿ ਕਿਸ ਤਰ੍ਹਾਂ ਕਈ ਵਾਰ ਇਸਦਾ ਮਲੀਆਮੇਟ ਕਰਨ ਦੇ ਬਾਵਜੂਦ ਵੀ ਇਹ ਮਹਾਨ-ਸਥਾਨ ਮੁੜ ਉਸਰਿਆ ਅਤੇ ਸਿੱਖ ਸੰਗਤ ਇਸ ਨਾਲ ਸ਼ਿੱਦਤ ਨਾਲ ਜੁੜਦੀ ਗਈ ਅਤੇ ਇਹ ਸਮੁੱਚੇ ਵਿਸ਼ਵ ਲਈ ਮਹਾਨ ਪ੍ਰੇਰਨਾ ਦਾ ਸੋਮਾ ਬਣਿਆ।

**ਭੂਮਿਕਾ :-** ਮਨੁੱਖੀ ਇਤਿਹਾਸ ਅਤੇ ਸੰਸਾਰ ਦੀ ਧਰਮ ਪ੍ਰੰਪਰਾ ਵਿੱਚ ਸ਼੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਆਪਣੀ ਅੱਲਗ ਹੀ ਕਿਸਮ ਦਾ ਪਹਿਲਾਂ ਅਤੇ ਅਨੋਖਾ ਮੰਦਰ ਹੈ, ਜੋ ਕਿਸੇ ਮਨੁੱਖ ਜਾਂ ਪੈਗੰਬਰ ਦੇ ਨਾਮ 'ਤੇ ਨਹੀਂ, ਸਗੋਂ ਸਰਬ-ਸੁਕਤੀਮਾਨ ਪਰਮਾਤਮਾ ਦੇ ਨਾਮ 'ਤੇ ਹੈ। ਵਿਸੁਵ ਦਾ ਇਹ ਪਹਿਲਾ ਅਜਿਹਾ ਧਾਰਮਿਕ ਸਥਾਨ ਹੈ, ਜਿੱਥੇ ਹਰ ਦੇਸੁ ਦਾ ਵਾਸੀ, ਕਿਸੇ ਵੀ ਧਰਮ ਦਾ ਅਨੁਆਈ ਅਤੇ ਹਰ ਰੰਗ, ਨਸਲ, ਜਾਤ ਦਾ ਪ੍ਰਾਣੀ ਬਿਨਾਂ ਕਿਸੇ ਰੋਕ-ਟੋਕ ਦੇ ਆ ਸਕਦਾ ਹੈ। ਸਿੱਖ ਭਾਵੇਂ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਹੋਣ, ਉਹ ਹਮੇਸੁਾ ਮਾਨਸਿਕ ਤੇ ਅਧਿਆਤਮਿਕ ਤੌਰ 'ਤੇ ਇਸ ਕੇਂਦਰ ਨਾਲ ਜੁੜੇ ਹੋਏ ਹਨ। ਵਿਸੁਵ ਭਰ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੈਲਾਨੀ ਇਸ ਅਸਥਾਨ ਨੂੰ 'ਗੋਲਡਨ ਟੈਂਪਲ' ਦੇ ਰੂਪ ਵਿੱਚ ਵੇਖਣ ਆਉਂਦੇ ਹਨ। ਸਰੋਵਰ ਦੇ ਵਿਚਕਾਰ ਸੋਨੇ ਦੇ ਪੱਤਰਿਆਂ ਨਾਲ ਮੜ੍ਹੀ ਹੋਈ ਇਹ ਸੁਾਨਦਾਰ ਜਗ੍ਹਾ ਸੰਸਾਰ ਭਰ ਦੇ ਧਾਰਮਿਕ-ਸਥਾਨਾਂ ਦੀ ਸੂਚੀ ਵਿੱਚ ਆਪਣੀ ਨਿਵੇਕਲੀ ਥਾਂ ਦੀ ਧਾਰਨੀ ਹੈ।

ਬੇਸੁਕ ਸ਼੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਤੀਰਥ-ਸਥਾਨ ਹੈ, ਪਰ ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਸ ਦੀ ਉਸਾਰੀ ਕੀਤੀ ਤਾਂ ਉਨ੍ਹਾਂ ਦੇ ਮਨ ਵਿੱਚ ਇਸਨੂੰ ਸਮੁੱਚੀ ਮਨੁੱਖਤਾ ਦਾ ਸਰਬ-ਸਾਂਝਾ ਤੀਰਥ ਅਸਥਾਨ ਬਣਾਉਣ ਦਾ ਵਿਚਾਰ ਪ੍ਰਮੁੱਖ ਸੀ। ਉਨ੍ਹਾਂ ਨੇ ਇਸਦਾ ਨੀਂਹ-ਪੱਥਰ ਸਾਈਂ ਮੀਆਂ-ਮੀਰ ਵਰਗੇ ਮਹਾਨ ਮੁਸਲਮਾਨ ਸੂਫ਼ੀ ਦਰਵੇਸੁ ਤੋਂ ਰਖਵਾਇਆ ਤੇ ਵਿਸੁਵ ਨੂੰ ਇਹ ਸੁਨੇਹਾ ਦਿੱਤਾ ਕਿ ਇਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਨੇ ਇਸਦੇ ਚਾਰ ਦਰਵਾਜ਼ੇ ਰੱਖੇ, ਜੋ ਇਸ ਗੱਲ ਦੇ ਸੂਚਕ ਹਨ ਕਿ ਇੱਥੇ ਚਹੁੰ ਵਰਣਾਂ ਦੇ ਅਤੇ ਚਾਰ ਦਿਸੁਾਵਾਂ ਦੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਆ ਜਾ ਸਕਦੇ ਹਨ ਅਤੇ ਆਪਣੀ ਸੁਰਧਾ ਅਰਪਿਤ ਕਰ ਸਕਦੇ ਹਨ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਇਹੀ ਕੇਂਦਰ-ਬਿੰਦੂ ਹੈ:-

"ਉਪਦੇਸ ਚਹੁੰ ਵਰਨਾਂ ਕਉ ਸਾਝਾ"

ਸ਼੍ਰੀ ਹਰਿਮੰਦਰ ਸਾਹਿਬ ਵਿੱਚ ਪਤਾ ਨਹੀਂ ਕਿਹੜੀ ਚੁੰਬਕੀ ਸ਼ਕਤੀ ਭਰੀ ਹੋਈ ਹੈ ਕਿ ਸਿੱਖਾਂ ਦਾ ਸਮੁੱਚਾ ਇਤਿਹਾਸ ਹੀ ਇਸਦੇ ਦੁਆਲੇ ਉਸਰਿਆ ਪ੍ਰਤੀਤ ਹੁੰਦਾ ਹੈ। ਸਿੱਖ ਇਨਕਲਾਬ ਦਾ ਯੁਗ ਸ਼੍ਰੀ ਹਰਿਮੰਦਰ ਸਾਹਿਬ ਹੀ ਹੈ। ਸ਼੍ਰੀ ਹਰਿਮੰਦਰ ਸਾਹਿਬ ਦਾ

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਇਤਿਹਾਸ ਪ੍ਰੇਮ, ਭਗਤੀ, ਸਹਿਣ-ਸ਼ੀਲਤਾ, ਸੂਝ-ਬੂਝ, ਸਰਬ-ਸਾਂਝੀਵਾਲਤਾ, ਨਿਰਭੈਤਾ ਅਤੇ ਚੜ੍ਹਦੀ ਕਲਾ ਦਾ ਇਤਿਹਾਸ ਹੈ। ਇਹ ਸਮੁੱਚੇ ਵਿਸ਼ਵ ਲਈ ਮਹਾਨ ਪ੍ਰੇਰਨਾ ਦਾ ਸੋਮਾ ਹੈ।

ਗੁਰਬਾਣੀ ਵਿੱਚ ਹਰਿਮੰਦਰ ਸ਼ਬਦ ਦਰਜਨ ਤੋਂ ਵੱਧ ਵਾਰ ਆਇਆ ਹੈ ਅਤੇ ਗੁਰੂ ਸਾਹਿਬਾਨ ਨੇ ਬੜੀ ਸ਼ਰਧਾ ਨਾਲ ਮਹੱਤਵਪੂਰਨ ਅਰਥ ਦੇ ਕੇ ਇਸਦੀ ਵਡਿਆਈ ਵਰਨਣ ਕੀਤੀ ਹੈ। ਇਸ ਵਰਗਾ ਸੰਸਾਰ ਵਿੱਚ ਹੋਰ ਕਿਧਰੇ ਵੀ ਨਹੀਂ ਹੈ। ਕਮਾਲ ਦੀ ਦਿੱਭ-ਦ੍ਰਿਸ਼ਟੀ ਨਾਲ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੇ ਗੁਰਬਾਣੀ ਵਿੱਚ 'ਹਰਿਮੰਦਰ' ਸ਼ਬਦ ਵਰਤਿਆ ਹੈ। ਬਾਣੀ ਵਿੱਚ ਗੁਰੂ ਜੀ ਫੁਰਮਾਉਂਦੇ ਹਨ:

ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥

ਗੁਰਮਤਿ ਹਰਿ ਪਾਇਆ ਮਾਇਆ ਮੋਹ  ਪਰਜਾਲਿ ॥

(ਸਲੋਕ ਵਾਰਾਂ ਤੋਂ ਵਧੀਕ, ਸ:3)

ਹਰਿ ਮੰਦਰ ਸੋਈ ਆਖੀਐ ਜਿਥਹੁ ਹਰਿ ਜਾਤਾ।।

ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ।।

(ਰਾਮਕਲੀ ਵਾਰ, ਮ: 3)

ਹਰਿ ਜਪੇ ਹਰਿ ਮੰਦਰ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ।।

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਮਗਲੇ ਪਾਪ ਤਜਾਵਹਿ ਰਾਮ।।

(ਸੂਹੀ ਮਹਲਾ 5)

ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਅਨੁਸਾਰ ਅੰਮ੍ਰਿਤ ਸਰੋਵਰ ਦੀ ਲੰਬਾਈ 500 ਫੁੱਟ, ਚੋੜਾਈ 490 ਫੁੱਟ ਅਤੇ ਡੂੰਘਾਈ 17 ਫੁੱਟ ਹੈ। ਹਰਿਮੰਦਰ ਸਾਹਿਬ ਦੀ ਪਰਿਕਰਮਾ ਚੌੜੀ 13 ਫੁੱਟ, ਹਰੇਕ ਬਾਹੀ 66-66 ਫੁੱਟ ਹੈ। ਦਰਸ਼ਨੀ  ਦਰਵਾਜ਼ੇ ਤੋਂ ਹਰਿਮੰਦਰ ਸਾਹਿਬ ਤੱਕ ਪੁੱਲ 240 ਫੁੱਟ ਲੰਮਾ ਅਤੇ 21 ਫੁੱਟ ਚੌੜਾ ਹੈ। ਇਸਦੇ ਹੇਠਾਂ 38 ਸਵਰਗਦਵਾਰੀਆਂ ਹਨ।

ਹਰਿਮੰਦਰ ਸਾਹਿਬ ਦਾ ਗੁੰਬਦ ਅਕਾਲ ਤਖ਼ਤ ਵਾਂਗ ਤੇਜ਼ ਨਹੀਂ, ਸਗੋਂ ਬੈਠਵਾਂ ਹੈ। ਇਹ ਗੁੰਬਦ ਪੂਰਾ ਖਿੜਿਆ ਹੋਇਆ ਕਮਲ ਦਾ ਫੁੱਲ ਮੂਧਾ ਮਾਰਿਆ ਵਾਂਗ ਦਿੱਸਦਾ ਹੈ। ਸ਼੍ਰੀ ਹਰਿਮੰਦਰ ਸਾਹਿਬ ਦੀ ਕਲਾ ਦਾ ਨਮੂਨਾ ਹਿੰਦੂ ਅਤੇ ਮੁਸਲਮਾਨੀ ਕਲਾ ਦਾ ਇੱਕ ਸੁੰਦਰ ਸੁਮੇਲ ਹੈ। ਗੁੰਬਦ ਉਪੱਰ ਤਾਂਬੇ ਦੇ ਪੱਤਰੇ ਚੜ੍ਹੇ ਹੋਏ ਹਨ, ਜਿਨ੍ਹਾਂ 'ਤੇ ਸੋਨੇ ਦੇ ਵਰਗ ਜੜੇ ਹੋਏ ਹਨ। ਇਹ ਸੋਨੇ ਦੇ ਪੱਤਰੇ 1805 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਚੜ੍ਹਵਾਏ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਸਤੇ ਵੇਲੇ 8 ਲੱਖ 87 ਹਜ਼ਾਰ ਰੁਪੈ ਦਾ ਸੋਨਾ ਭੇਂਟ ਕੀਤਾ।

ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਉਂਝ ਇਹ ਵੀ ਠੀਕ ਹੈ ਕਿ ਇਸਦੀ ਹੋਂਦ, ਉਸਾਰੀ ਤੇ ਵਿਕਾਸ ਵਿਚ ਚਾਰ ਗੁਰੂ ਸਾਹਿਬਾਨ ਦਾ ਭਾਗ ਹੈ। ਇਤਿਹਾਸ ਵਿੱਚ ਲਿਖਿਆ ਹੈ ਕਿ 1570 ਵਿੱਚ ਗੁਰੂ ਅਮਰਦਾਸ ਜੀ ਨੇ ਨਵਾਂ ਨਗਰ ਅੰਮ੍ਰਿਤਸਰ ਵਾਲੀ ਥਾਂ ਜੰਗਲ ਸਾਫ਼ ਕਰਕੇ ਬਨਾਉਣ ਲਈ ਭਾਈ ਜੇਠਾ ਜੀ (ਗੁਰੂ ਰਾਮ ਦਾਸ ਜੀ) ਨੂੰ ਆਦੇਸ਼ ਦਿੱਤਾ। ਇਸ ਪ੍ਰਕਾਰ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਦੀ ਚੋਣ ਗੁਰੂ ਅਮਰਦਾਸ ਜੀ ਦੀ ਸੀ। ਹਰਿਮੰਦਰ ਸਾਹਿਬ ਦੀ ਉਸਾਰੀ ਤੋਂ ਬਹੁਤ ਸਮਾਂ ਪਹਿਲਾਂ ਗੁਰੂ ਅਮਰਦਾਸ ਜੀ ਨੇ ਆਖਿਆ:

ਹਰਿਮੰਦਰ ਸੋਈ ਆਖੀਐ ਜਿਥਹੁ ਹਰਿ ਜਾਤਾ।।

ਸ਼੍ਰੀ ਗੁਰੂ ਅਰਜਨ ਦੇਵ ਜੀ ਸੂਹੀ ਛੰਤ ਵਿੱਚ ਉਚਾਰਦੇ ਹਨ:

ਹਰਿ ਜਪੇ ਹਰਿ ਮੰਦਰੁ ਸਾਜਿਆ

ਸੰਤ ਭਗਤ ਗੁਣ ਗਾਵਹਿ ਰਾਮ।।

ਡਾ: ਮਹਿੰਦਰ ਕੌਰ ਗਿੱਲ ਨੇ 'ਗੁਰੂ ਅਰਜਨ ਦੇਵ ਜੀਵਨ ਤੇ ਬਾਣੀ ਪੁਸਤਕ ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜਿੰਨੇ ਨਿਰਮਾਣ ਕਾਰਜ ਹੋਰ ਕਿਸੇ ਗੁਰੂ ਸਾਹਿਬ ਦੇ ਸਮੇਂ ਨਹੀਂ ਹੋਏ। ਅੰਮ੍ਰਿਤਸਰ ਦੀ ਪੁਟਾਈ ਦਾ ਕਾਰਜ ਤਾਂ ਗੁਰੂ ਰਾਮਦਾਸ ਜੀ ਦੇ

International Journal of Research
e-ISSN: 2348-6848 & p-ISSN 2348-795X Vol-5, Special Issue-9
International Seminar on Changing Trends in Historiography: A Global Perspective
Held on 2nd February 2018 organized by The Post Graduate Department of History. Dev Samaj College for Women, Ferozepur City, Punjab, India

ਸਮੇਂ ਸੰਪੂਰਨ ਹੋ ਚੁੱਕਿਆ ਸੀ। ਗੁਰੂ ਅਰਜਨ ਦੇਵ ਜੀ ਨੇ ਉਸਨੂੰ ਪੱਕਾ ਕਰਨ ਦੀ ਸੇਵਾ ਕੀਤੀ। ਸਰੋਵਰ ਦੀ ਸੰਪੂਰਨਤਾ ਤੇ ਗੁਰੂ ਅਰਜਨ ਦੇਵ ਜੀ ਨੇ ਅਕਾਲ-ਪੁਰਖ ਦਾ ਧੰਨਵਾਦ ਕਰਦਿਆਂ ਇੱਕ ਸ਼ਬਦ ਉਚਾਰਿਆ ਜੋ ਸੂਹੀ ਰਾਗ ਵਿੱਚ ਹੈ:

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।।

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲ ਛਾਇਆ ਰਾਮ।।

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ।।

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੈ ਸਗਲ ਵਿਸੂਰੇ।।

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ।।

ਅਪਨਾ ਬਿਰਦੁ ਰਖਿਆ ਪਰਮੇਸ੍ਰਿ ਨਾਨਕ ਨਾਮੁ ਧਿਆਇਆ।।

ਸਰੋਵਰ ਦੀ ਉਸਾਰੀ ਮੁਕੰਮਲ ਹੋਣ ਤੇ ਅੰਮ੍ਰਿਤ ਸਰੋਵਰ ਦੇ ਵਿਚਕਾਰ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ ਗਈ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਸ਼੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕਰਨ ਦਾ ਹੁਕਮ ਅਕਾਲ ਪੁਰਖ ਵਾਹਿਗੁਰੂ ਨੇ ਆਪ ਦਿੱਤਾ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਬਾਂਹ ਫੜ ਕੇ ਕਿਹਾ:

ਸ੍ਰੀ ਅਰਜਨ ਕੀ ਪਕਰੇ ਬਾਹੁ।

ਬਿਬੋਤ ਬਤਾਵਤ ਸਭ ਜਗ ਨਾਹੁ।

ਇਹ ਮੇਰੇ ਮੰਦਰਿ ਬਰ ਹੋਇ।

ਜਿਸਕੀ ਮਮਤਾ ਕਰਹਿ ਨਾ ਕੋਇ।

ਤੀਨ ਲੋਕ ਮਹਿੰ ਹੋਇ ਨ ਜੈਸੋ।

ਭਜਨ ਪ੍ਰਤਾਪ ਬਨਹਿ ਨਿਤ ਐਸੋ।

ਜਦੋਂ ਹਰਿਮੰਦਰ ਸਾਹਿਬ ਦੀ ਉਸਾਰੀ ਸ਼ੁਰੂ ਹੋਈ ਤਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਿਕਟਵਰਤੀ ਸਿੱਖਾਂ ਦੀਆਂ ਵੱਖ-ਵੱਖ ਕਾਰਜਾਂ ਲਈ ਸੇਵਾਵਾਂ ਲਾਈਆਂ। ਇਨ੍ਹਾਂ ਮੁਖੀ ਸਿੱਖਾਂ ਵਿੱਚ ਬਾਬਾ ਬੁੱਢਾ ਜੀ, ਭਾਈ ਕਲਿਆਣਾ, ਭਾਈ ਸਾਲੋ, ਭਾਈ ਗੁਰੀਆ, ਭਾਈ ਲੰਗਾਹਾ, ਭਾਈ ਪ੍ਰੇਮਾ, ਭਾਈ ਪੈੜਾ, ਭਾਈ ਗੁਰਦਾਸ, ਬੂਲਾ ਬਹਿਲੋ, ਭਾਈ ਕੁੰਦਨ ਆਦਿ ਦੇ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣ ਕੀਤੇ ਮਿਲਦੇ ਹਨ। ਨਕਸ਼ਾ ਅਤੇ ਵਿਉਂਤ ਉਨ੍ਹਾਂ ਦੀ ਆਪਣੀ ਸੀ, ਇਸ ਲਈ ਉਹ ਆਪ ਸੇਵਾ ਵਿੱਚ ਸ਼ਾਮਿਲ ਹੁੰਦੇ। ਲੋਕਾਂ ਵਿੱਚ ਵੀ ਅਨੋਖਾ ਉਤਸ਼ਾਹ ਸੀ। ਬੰਦਿਆਂ, ਮਹਾਂਪੁਰਖਾਂ, ਦੇਵੀ ਦੇਵਤਿਆਂ ਤੇ ਪੀਰਾਂ-ਅਵਤਾਰਾਂ ਦੇ ਘਰ ਤਾਂ ਪਹਿਲਾਂ ਵੀ ਸਨ ਪਰ ਪ੍ਰਭੂ ਦਾ ਘਰ 'ਇਹ ਜੱਗ ਸਚੈ ਕੀ ਕੋਠੜੀ, ਸਚੇ ਕਾ ਵਿੱਚ ਵਾਸੁ' ਨੂੰ ਅਸਲੀ ਰੂਪ ਦੇਣ ਲਈ ਜਨਤਾ ਦੇ ਸਾਹਮਣੇ ਬਣਨ ਲਗ ਪਿਆ ਸੀ।

ਦਰਸ਼ਨੀ ਡਿਓਢੀ, ਹਰਿਮੰਦਰ ਸਾਹਿਬ ਤੇ ਪੁਲ ਦੀ ਉਸਾਰੀ ਇਕੋ ਵੇਲੇ ਸ਼ੁਰੂ ਕੀਤੀ ਗਈ। ਗੁਰੂ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਬਣਤਰ ਬਾਰੇ ਇਸ ਭਾਵ ਦੀਆਂ ਹਦਾਇਤਾਂ ਦਿੱਤੀਆਂ:

ਹਰਿਮੰਦਰ ਇਸ ਰੀਤ ਬਨਾਵਹੁ।

ਚਾਰ ਦਵਾਰ ਚਹੁ ਦਿਸਨ ਰਖਵਾਹੁ।

ਨਗਰ ਦਿਸ੍ਹਾ ਸਰ ਸੇਤ ਰਚੀ ਜਿਹ।

ਦਵਾਰ ਦਰਸ੍ਹਨੀ ਸਰ ਤਟ ਕੀਜਹਿ।

ਹਰਿਮੰਦਰ ਕੀ ਕੁਰਸੀ ਸਾਰਹੁ।

ਤਾਰਨੀਰ ਤੇ ਅਧਿਕ ਉਚਾਰਹੁ।

ਸਵਰਗ ਦਵਾਰੀਆਂ ਤਲੇ ਬਨਾਵਹੁ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਪੂਰਬ ਦਿਸ਼ਾ ਹਰਿ ਪੌੜ ਚਿਨਾਵਹੁ।

ਚਹੁ ਦਿਲ ਕੀ ਪ੍ਰਕਰਮਾ ਕਰੀਅਹਿ।

ਗਾਢੀ ਨੀਂਵ ਭਰੇ ਤੇ ਪਰੀਅਹਿ।

ਹਰਿਮੰਦਰ ਕੇ ਚਾਰੋਂ ਜੋਇ।

ਦੁਇ ਦੁਇ ਛਾਤ ਚੁਗਿਰਦੇ ਹੋਇ।

ਅੰਮ੍ਰਿਤ ਦੇ ਸਰ ਤੇ ਹਰਿਮੰਦਰ ਸਾਹਿਬ ਦੀ ਸੰਪੂਰਨਤਾ 'ਤੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਜੋ ਸ਼ਬਦ ਉਚਾਰੇ ਹਨ, ਉਹ ਇਸਦੀ ਮਹੱਤਤਾ ਵਰਨਣ ਕਰਨ ਵਾਲੇ ਹਨ। ਆਪ ਨੇ ਸੋਰਠਿ ਰਾਗ ਵਿੱਚ ਇੱਕ ਸ਼ਬਦ ਉਚਾਰਿਆ ਹੈ:

ਰਾਮਦਾਸ ਸਰੋਵਰਿ ਨਾਤੇ।। ਸਭਿ ਉਤਰੇ ਪਾਪ ਕਮਾਤੇ।।

ਨਿਰਮਲ ਹੋਇ ਕਰਿ ਇਸਨਾਨਾ।। ਗੁਰ ਪੂਰੇ ਕੀਨੈ ਦਾਨਾ।।

ਇਸ ਤਰ੍ਹਾਂ ਫੁਨਹੇ ਮਹਲਾ 5 ਵਿੱਚ ਸ਼ਬਦ ਹੈ:

ਡਿਠੈ ਸਭੇ ਥਾਵ੍ਰ ਨਹੀ ਤੁਧੁ ਜੇਹਿਆ।।

ਬਧੋਹੁ ਪੁਰਖ ਬਿਧਾਹੈ ਤਾਂ ਤੂ ਸੋਹਿਆ।।

ਵਸਦੀ ਸਘਨ ਅਧਾਰ ਅਨੂਪ ਰਾਮਦਾਸ ਪੁਰ।।

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ।।

ਮੌਲਾਨਾ ਭਾਰਤ ਦੇ ਰਾਸ਼ਟਰਪਤੀ ਰਹਿ ਚੁੱਕੇ ਵੀ.ਵੀ. ਗਿਰੀ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਲਿਖਿਆ ਸੀ, ਜ਼ਫ਼ਰ ਅਲੀ ਨੇ ਆਪਣੀ ਇੱਕ ਕਵਿਤਾ ਵਿੱਚ ਪ੍ਰਭਾਵ ਪ੍ਰਗਟ ਕੀਤਾ ਹੈ:

ਹਰਿਮੰਦਰ ਕੀ ਬੁਨਿਆਦ ਕੀ ਈਂਟ ਦੇ ਰਹੀ ਹੈ ਗਵਾਹੀ।।

ਕਿ ਕਬੀ ਅਹਲਿ ਮਜ਼ਹਬ ਮੇਂ ਦੋਸਤੀ ਮੁਸਕਰਾਈ ਥੀ।।

" ਇਹ ਰੂਹਾਨੀ ਪ੍ਰਕਾਸ਼ ਦਾ ਉਹ ਕੇਂਦਰ ਹੈ ਜੋ ਕਰੋੜਾਂ ਜੀਵਾਂ ਦੇ ਹਨੇਰੇ ਦਿਲਾਂ ਨੂੰ ਰੌਸ਼ਨ ਕਰ ਸਕਦਾ ਹੈ।"

ਹਰਿਮੰਦਰ ਸਾਹਿਬ ਦੇ ਨਾਲ ਕਈ ਇਤਿਹਾਸਿਕ ਤੇ ਧਾਰਮਿਕ ਅਸਥਾਨ ਸੰਬੰਧਤ ਹਨ। ਸਭ ਤੋਂ ਪਹਿਲਾਂ ਦੁਖਭੰਜਨੀ ਬੇਰੀ ਦਾ ਸਰੋਵਰ ਕਿਨਾਰੇ ਅਸਥਾਨ ਹੈ, ਜਿੱਥੇ ਰਜਨੀ ਦੇ ਕੋਹੜੀ ਪਤੀ ਦਾ ਇਸ਼ਨਾਨ ਕਰਨ ਨਾਲ ਕੋਹੜ ਦੂਰ ਹੋ ਗਿਆ ਸੀ ਅਤੇ ਅੱਜ ਵੀ ਉਥੇ ਇਸ੍ਨਾਨ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ, ਹਾਲਾਂ ਕਿ ਸਿੱਖ ਮਰਿਯਾਦਾ ਅਨੁਸਾਰ ਇਸ ਪਵਿੱਤਰ ਸਰੋਵਰ ਵਿੱਚ ਕਿਸੇ ਥਾਂ ਤੋਂ ਇਸ਼ਨਾਨ ਕਰਨਾ ਉਨ੍ਹਾਂ ਹੀ ਵਿਸ਼ੇਸ਼ ਹੈ। ਹਜ਼ਾਰਾਂ ਸਾਲ ਪੁਰਾਣਾ ਇਹੀ ਸਥਾਨ ਦੱਸਿਆ ਜਾਂਦਾ ਹੈ। ਦੁਖਭੰਜਨੀ ਅਤੇ ਖੜਾ ਸਾਹਿਬ ਦੇ ਪਾਸ ਇੱਕ ਖਾਸ ਸਥਾਨ ਹੈ ਜਿੱਥੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿੱਚ 'ਅਠਸਠਿ ਤੀਰਥ ਜਹਿ ਸਾਧ ਪਗ ਧਰਹਿ' ਸ਼ਬਦ ਉਚਾਰਿਆ ਸੀ। ਇਸ ਥਾਂ ਪਹਿਲੇ ਚਾਰ ਗੁਰੂ ਸਾਹਿਬਾਨ ਨੇ ਵੀ ਚਰਨ ਪਾਏ ਸਨ।

ਹਰਿਮੰਦਰ ਸਾਹਿਬ ਦੇ ਪਿਛਲੇ ਪਾਸੇ ਪਾਉੜੀਆਂ ਵਾਲੇ ਘਾਟ ਦਾ ਨਾਮ ਹਰਿ ਕੀ ਪਾਉੜੀ ਹੈ। ਇਥੋਂ ਹਰਿਮੰਦਰ ਸਾਹਿਬ ਤਿਆਰ ਹੋਣ ਪਿਛੋਂ ਗੁਰੂ ਅਰਜਨ ਦੇਵ ਜੀ ਨੇ ਆਪ ਪਹਿਲਾਂ ਪਵਿੱਤਰ ਸਰੋਵਰ ਤੋਂ ਅੰਮ੍ਰਿਤ ਲਿਆ। ਉਸ ਸਮੇਂ ਤੋਂ ਹੀ ਇਹ ਮਰਿਯਾਦਾ ਚਲੀ ਆ ਰਹੀ ਹੈ ਕਿ ਜਦ ਵੀ ਕੋਈ ਗੁਰੂ ਘਰ ਦਾ ਪ੍ਰੇਮੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਤੇ ਮੱਥਾ ਟੇਕ ਕੇ ਪਰਿਕਰਮਾ ਕਰਦਿਆਂ ਪਿਛਲੇ ਪਾਸੇ ਜਾਂਦਾ ਹੈ ਤਾਂ ਹਰਿ ਕੀ ਪਾਉੜੀ ਤੋਂ ਜ਼ਰੂਰ ਹੀ 'ਅੰਮ੍ਰਿਤ ਦਾ ਚੁਲਾ' ਲੈਂਦਾ ਹੈ। ਸਿੱਖ ਅੰਮ੍ਰਿਤ ਦੇ ਚੁਲੇ ਦਾ ਛੱਟਾ ਆਪਣੇ ਸਰੀਰ ਤੇ ਮਾਰਦੇ ਹਨ।

ਦਰਸ਼ਨੀ ਡਿਉਢੀ ਦੇ ਨਾਲ ਇਹ ਭਾਈ ਸਾਲੋ ਦੀ ਬੇਰੀ ਹੈ। ਇਸਨੂੰ ਲਾਚੀਆਂ ਜਿਹੇ ਬੇਰ ਲੱਗਦੇ ਹਨ। ਭਾਈ ਸਾਲੋ ਜੀ ਇਥੇ ਬੈਠ ਕੇ ਕਾਰ-ਸੇਵਾ ਕਰਵਾਇਆ ਕਰਕੇ ਸਨ। ਗੁਰੂ ਅਰਜਨ ਦੇਵ ਜੀ ਵੀ ਇਸ ਬੇਰੀ ਹੇਠ ਬਿਰਾਜਦੇ ਰਹੇ ਹਨ। ਸ਼੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਗੁਰਦੁਆਰਾ ਦੁਖ ਭੰਜਨੀ ਦੇ ਨਾਲ ਗੁਰੂ ਰਾਮਦਾਸ ਜੀ ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ

ਗੁਰਦੁਆਰਾ ਹੈ। ਸ਼੍ਰੀ ਗੁਰੂ ਰਾਮਦਾਸ ਜੀ ਇਥੇ ਬੈਠ ਕੇ ਸਰੋਵਰ ਦੀ ਕਾਰ-ਸੇਵਾ ਕਰਾਇਆ ਕਰਦੇ ਸਨ। ਇਸ ਥੜ੍ਹੇ ਨੂੰ ਪੱਕਾ ਕਰਾਉਣ ਦੀ ਸੇਵਾ ਪਿਛੋਂ ਜਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ।

ਸ਼੍ਰੀ ਹਰਿਮੰਦਰ ਸਾਹਿਬ ਦੀ ਬਾਹਰਲੀ ਪਰਿਕਰਮਾ ਵਿੱਚ, ਸਰੋਵਰ ਦੇ ਕੰਢੇ, ਘੰਟਾ ਘਰ ਦੀ ਬਾਹੀ ਵਲ ਬਾਬਾ ਬੁੱਢਾ ਜੀ ਦੀ ਬੇਰ ਹੈ। ਜਦੋਂ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਉਸਾਰੀ ਹੋ ਰਹੀ ਸੀ ਤਾਂ ਬਾਬਾ ਬੁੱਢਾ ਜੀ ਇਸ ਬੇਰ ਹੇਠ ਬੈਠਿਆਂ ਕਰਦੇ ਸਨ ਤੇ ਸੰਗਤਾਂ ਨੂੰ ਕਹੀਆਂ-ਟੋਕਰੀਆਂ ਆਦਿ ਲੋੜਵੰਦ ਸਮਾਨ ਇਸ ਸਥਾਨ ਤੋਂ ਹੀ ਦਿਆ ਕਰਦੇ ਸਨ। ਸਾਰੀ ਸੇਵਾ ਦਾ ਮੁੱਖ ਨਿਗਰਾਨ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਬਣਾਇਆ ਸੀ।

ਸ਼੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਨਾਲ ਗੁਰੂ ਕੇ ਬਾਗ਼ ਅੰਦਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸਥਾਨ ਹੈ। ਜਦੋਂ ਹਰਿਮੰਦਰ ਸਾਹਿਬ ਦੀ ਕਾਰ ਸੇਵਾ ਹੋ ਰਹੀ ਹੈ ਸੀ ਤਾਂ ਗੁਰੂ ਅਰਜਨ ਦੇਵ ਜੀ ਇਥੇ ਬੈਠ ਕੇ ਦੀਵਾਨ ਲਗਾਇਆ ਕਰਦੇ ਸਨ। ਸ਼੍ਰੀ ਹਰਿਮੰਦਰ ਸਾਹਿਬ ਤੇ ਸੋਨੇ ਦੇ ਪੱਤਰੇ ਚੜਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਤੋਂ ਸ਼ੁਰੂ ਹੋਈ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਹਰਿਮੰਦਰ ਸਾਹਿਬ ਦੇ ਦਰਵਾਜ਼ੇ 'ਤੇ ਕਿਸੇ ਮਨੁੱਖ ਦੀ ਉਪਮਾ ਦੇ ਅੱਖਰ ਨਹੀਂ ਲਿਖੇ ਜਾ ਸਕਦੇ। ਮਹਾਰਾਜਾ ਰਣਜੀਤ ਸਿੰਘ ਨੇ ਦਰਵਾਜ਼ੇ ਉਪੱਰ ਸੋਨੇ ਦੇ ਪੱਤਰੇ 'ਤੇ ਲਿਖਤ ਇਸ ਪ੍ਰਕਾਰ ਉਕਰਾਈ:

"ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ

ਅਜੂਨੀ ਸੈਭੰ ਗੁਰਪ੍ਰਸਾਦਿ। ।ਜਪੁ। ।ਆਦਿ ਸਚੁ ਜੁਗਾਦਿ ਸਚੁ। ।

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। । ਸ੍ਰੀ ਮਹਾਰਾਜ ਗੁਰੂ ਨਾਨਕ ਸਾਹਿਬ

ਨੇ ਆਪਣੇ ਪਰਮ ਸੇਵਕ ਸਿੱਖ ਜਾਣ ਕਰ ਕੇ ਸ਼੍ਰੀ ਦਰਬਾਰ ਸਾਹਿਬ ਜੀ ਦੀ

ਸੇਵਾ ਸ਼੍ਰੀ ਮਹਾਰਾਜਾ ਰਣਜੀਤ ਸਿੰਘ ਜੀ ਉਪਰ ਦਯਾ ਕਰਕੇ ਕਰਾਈ। ।ਸੰਮਤ 1887"

ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਕੀਮਤੀ ਵਸਤਾਂ ਸ਼੍ਰੀ ਹਰਿਮੰਦਰ ਸਾਹਿਬ ਲਈ ਭੇਂਟ ਕੀਤੀਆਂ। ਅਨੇਕਾਂ ਹੀਰੇ-ਜਵਾਹਰਾਤ ਤੇ ਕੀਮਤੀ ਮੋਤੀ ਤੇ ਪੰਨਾ ਵੀ ਭੇਂਟਾ ਹੋਏ। ਇਹ ਸਭ ਵਸਤਾਂ ਤੋਸ਼ੇਖਾਨੇ ਵਿੱਚ ਸੁੱਰਖਿਅਤ ਰੱਖ ਲਈਆਂ ਗਈਆਂ ਅਤੇ ਅੱਜ ਵੀ ਪਈਆਂ ਹਨ। ਇਨ੍ਹਾਂ ਇਤਿਹਾਸਿਕ ਅਲੌਕਿਕ ਤੇ ਕੀਮਤੀ ਵਸਤਾਂ ਦੀ ਪ੍ਰਦਰਸ਼ਨੀ ਪੰਜ ਗੁਰਪੁਰਬਾਂ ਦੇ ਮੌਕੇ 'ਤੇ ਕੀਤੀ ਜਾਂਦੀ ਹੈ। ਇਨ੍ਹਾਂ ਮੌਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ:

1। ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ

2। ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ

3। ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਪੁਰਬ

4। ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ

5। ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ

ਇਸ ਤੋਸ਼ੇਖਾਨੇ ਦਾ ਹਰਿਮੰਦਰ ਸਾਹਿਬ ਦੀ ਅਧਿਆਤਮਿਕਤਾ ਤੇ ਧਾਰਮਿਕ ਰਹੁ-ਰੀਤੀ ਨਾਲ ਕੋਈ ਸਬੰਧ ਨਹੀਂ ਹੈ। ਇਹ ਤਾਂ ਕੇਵਲ ਕੀਮਤੀ ਵਸਤਾਂ, ਜੋ ਗੁਰੂ ਘਰ ਦੇ ਸਰਧਾਲੂਆਂ ਨੇ ਭੇਂਟ ਕੀਤੀਆਂ, ਉਨ੍ਹਾਂ ਦੀ ਸ਼ਰਧਾ ਦੀ ਯਾਦ ਦਿਵਾਉਂਦੀਆਂ ਹਨ।

1. **ਜੜਾਉ ਛਤਰ:** ਇਹ ਸੋਨੇ ਦਾ ਬਣਿਆ ਦਸ ਸੰਰ ਭਾਗ ਛਤਰ ਹੈ, ਜਿਸਦਾ ਘੇਰਾ ਤਿੰਨ ਫੁੱਟ ਹੈ। ਸਿਰੇ ਤੇ ਕੀਮਤੀ ਮੋਰ ਬਣਿਆ ਹੈ, ਜਿਸਦੀ ਧੌਣ ਨੀਲਮ ਦੀ ਹੈ। ਮੋਰ ਦੀ ਚੁੰਝ ਸੁੱਚੇ ਮੋਤੀਆਂ ਦੀ ਮਾਲਾ ਹੈ। ਛਤਰ ਉਤੇ ਹੀਰੇ-ਪੰਨੇ 31 ਲਾਲ ਜੜੇ ਹੋਏ ਹਨ। ਛਤਰ ਨਾਲ ਸੋਨੇ ਅਤੇ ਹੀਰੇ ਜਵਾਹਰਾਤ ਦੀਆਂ ਲੜੀਆਂ ਲਟਕ ਰਹੀਆਂ ਹਨ। ਇਹ ਮਹਾਰਾਜਾ ਰਣਜੀਤ ਸਿੰਘ ਦੀ ਭੇਂਟ ਸੀ।

2. **ਸੋਨੇ ਦੇ ਦਰਵਾਜ਼ੇ:** ਸ਼੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸਿਆਂ ਤੇ ਹਰ ਰੋਜ਼ ਤਾਂ ਚਾਂਦੀ ਦੇ ਦਰਵਾਜ਼ੇ ਹਨ ਪਰ ਜਲੌਅ ਵਾਲੇ ਸ਼ੁੱਭ ਮੌਕਿਆਂ 'ਤੇ ਚਾਂਦੀ ਥਾਂ ਸੋਨੇ ਦੇ ਦਰਵਾਜ਼ੇ ਲਾਏ ਜਾਂਦੇ ਹਨ। ਇਨ੍ਹਾਂ ਸੋਨੇ ਦੇ ਪੱਤਰਿਆਂ 'ਤੇ ਸੁੰਦਰ ਚਿੱਤਰਕਾਰੀ ਅਤੇ ਵੇਲ-ਬੂਟਿਆਂ ਦਾ ਜੜਾਉ ਕੰਮ ਕੀਤਾ ਹੋਇਆ ਹੈ। ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਦੀ ਸੋਨੇ ਦੀ ਜੋੜੀ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਹੈ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

3. **ਜੜਾਊ ਸਿਹਰਾ:** ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਕ ਪੁਸਤਕ 'ਅੰਮ੍ਰਿਤਸਰ-ਸਿਫ਼ਤੀ ਦਾ ਘਰ' ਵਿੱਚ ਲਿਖਿਆ ਹੈ ਕਿ ਇਹ ਸਿਹਰਾ ਮਹਾਰਾਜਾ ਰਣਜੀਤ ਦੇ ਪੁੱਤਰ ਕੰਵਰ ਸ਼ੇਰ ਸਿੰਘ ਦੇ ਵਿਆਹ ਸਮੇਂ ਤਿਆਰ ਹੋਇਆ ਸੀ, ਜਿਸਦੇ ਘੇਰੇ ਵਿੱਚ 108 ਸੁੱਚੇ ਮੋਤੀ ਲੱਗੇ ਹੋਏ ਹਨ। ਸਿਹਰੇ ਦੀਆਂ 35 ਮੋਤੀਆਂ ਦੀਆਂ ਲੜੀਆਂ ਹਨ ਤੇ ਇਸਦੇ ਦਰਸ਼ਨ ਜਲੌਅ ਵਾਲੇ ਦਿਨ ਕਰਵਾਏ ਜਾਂਦੇ ਹਨ।

4. **ਇਤਿਹਾਸਿਕ ਚਾਨਣੀ:** ਇਹ ਗੂੜ੍ਹੇ ਲਾਲ ਰੰਗ ਦੀ ਮਖ਼ਮਲ ਦੀ ਚਾਨਣੀ ਵਿੱਚ ਬਹੁਮੁੱਲੇ ਮੋਤੀਆਂ ਦੀਆਂ ਝਾਲਰਾਂ ਸਨ। ਜਦ ਇਹ ਰਾਮਬਾਗ਼ ਵਿੱਚ ਲਗਾਈ ਗਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਹੇਠ ਬੈਠਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਕਿ ਇਹ ਸ਼੍ਰੀ ਹਰਿਮੰਦਰ ਸਾਹਿਬ ਭੇਜ ਦਿੱਤੀ ਜਾਵੇ। ਇਹ ਤੋਸ਼ੇਖਾਨੇ ਵਿੱਚ ਸੰਭਾਲ ਕੇ ਰੱਖ ਦਿੱਤੀ ਗਈ।

5. **ਚੰਦਨ ਦਾ ਚੌਰ:** ਇੱਕ ਮੁਸਲਮਾਨ ਫ਼ਕੀਰ ਹਾਜੀ ਮੁਹੰਮਦ ਮਸਕੀਨ ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਇਆ ਤਾਂ ਉਸਨੇ ਬੜੀ ਸ਼ਰਧਾ ਨਾਲ ਚੰਦਨ ਦਾ ਚੌਰ ਹਰਿਮੰਦਰ ਸਾਹਿਬ ਵਿਖੇ ਭੇਂਟਾ ਕੀਤਾ, ਜਿਸਦੀਆਂ 14 ਲੱਖ 50 ਹਜ਼ਾਰ ਬਾਰੀਕ ਤਾਰਾਂ ਸਨ। ਉਸਨੇ ਇਹ ਤਾਰਾਂ ਕੱਢਣ ਲਈ 9 ਮਣ 14 ਸੇਰ ਚੰਦਨ ਦੀ ਵਰਤੋ ਕੀਤੀ ਗਈ ਸੀ।

6. ਤੋਸ਼ੇਖਾਨੇ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਇਤਿਹਾਸਿਕ ਤਲਵਾਰ ਹੈ, ਜਿਸਦੀ ਮੁੱਠ ਸੋਨੇ ਨਾਲ ਮੜ੍ਹੀ ਹੋਈ ਹੈ। ਇਸਦੇ ਮੁੱਠੇ ਵਿੱਚ ਹੀਰੇ ਜੜੇ ਹੋਏ ਹਨ। ਇਸਨੂੰ ਮਹਾਰਾਜਾ ਖ਼ਾਸ ਮੌਕਿਆਂ 'ਤੇ ਗਾਤਰੇ ਵਿੱਚ ਸਜਾਇਆ ਕਰਦੇ ਸਨ।

7. **ਸੋਨੇ ਦਾ ਚੱਕਰ:** ਇੱਕ ਸਿੱਖ ਪਲਟਨ ਨੰ: 35 ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਈ ਤਾਂ ਸ਼ਰਧਾਲੂ ਸਿੱਖ ਆਪਣੀ ਪਲਟਨ ਦੇ ਦੋ ਨਿਸ਼ਾਨ ਚੱਕਰ ਸੋਨੇ ਦੇ ਬਣਵਾ ਕੇ ਲਿਆਏ ਅਤੇ ਭੇਂਟ ਕੀਤੇ, ਜ਼ੋ ਤੋਸ਼ੇਖ਼ਾਨੇ ਵਿੱਚ ਸ਼ੁਸ਼ੋਭਿਤ ਹਨ।

8. **ਸੋਨੇ ਦੀਆਂ ਕਹੀਆਂ:** 1923 ਦੀ ਇਤਿਹਾਸਿਕ ਕਾਰ-ਸੇਵਾ ਸਮੇਂ ਅੰਮ੍ਰਿਤਸਰ ਸਰੋਵਰ ਵਿੱਚ ਕਾਰ-ਸੇਵਾ ਪੰਜ ਪਿਆਰਿਆਂ ਨੇ ਆਰੰਭ ਕਰਨੀ ਸੀ। ਉਹਨਾਂ ਪੰਜ ਪਿਆਰਿਆਂ ਲਈ ਸੋਨੇ ਦੀਆਂ ਪੰਜ ਕਹੀਆਂ ਤੇ ਚਾਂਦੀ ਦੇ ਬਾਟੇ ਤਿਆਰ ਕੀਤੇ ਗਏ। ਜਦੋਂ ਵੀ ਕਾਰ-ਸੇਵਾ ਆਰੰਭ ਹੁੰਦੀ ਹੈ ਤਾਂ ਇਹ ਕਹੀਆਂ ਅਤੇ ਬਾਟੇ ਮੁੜ ਕੱਢ ਲਏ ਜਾਂਦੇ ਹਨ। ਜਲੌਅ ਸਮੇਂ ਇਨ੍ਹਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।

ਸ਼੍ਰੀ ਹਰਿਮੰਦਰ ਸਾਹਿਬ ਵਿੱਚ ਜੋ ਅਤਿ ਸੁੰਦਰ, ਬੇਮਿਸਾਲ ਤੇ ਇਤਿਹਾਸਿਕ ਮਹਾਨਤਾ ਵਾਲੀਆਂ ਯਾਦਗਾਰੀ ਵਸਤੂਆਂ ਹਨ, ਉਨਾਂ ਸਾਰੀਆਂ ਦੇ ਜਦ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ਤਾਂ ਉਸਨੂੰ ਜਲੌਅ ਆਖਦੇ ਹਨ।

ਪੰਜਾਬ ਦਾ ਇਤਿਹਾਸ ਤੇ ਹਰਿਮੰਦਰ ਸਾਹਿਬ ਦਾ ਇਤਿਹਾਸ ਆਪਸ ਵਿੱਚ ਇਤਨੇ ਓਤ-ਪ੍ਰੋਤ ਹਨ ਕਿ ਇਨ੍ਹਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ ਪੰਜਾਬ ਦੇ ਇਤਿਹਾਸ ਦੀ ਹਰ ਵੱਡੀ ਘਟਨਾ ਦਾ ਸਬੰਧ ਹਰਿਮੰਦਰ ਸਾਹਿਬ ਨਾਲ ਜੁੜਿਆ ਹੋਇਆ ਹੈ। ਹਰਿਮੰਦਰ ਸਾਹਿਬ ਵਿੱਚ ਕਦੇ ਭਾਸ਼ਣ ਨਹੀਂ ਹੋਇਆ, ਕਦੇ ਇਹ ਵਾਦ-ਵਿਵਾਦ ਦਾ ਕੇਂਦਰ ਨਹੀਂ ਬਣਿਆ, ਕੇਵਲ ਗੁਰਬਾਣੀ ਦਾ ਕੀਰਤਨ ਅਤੇ ਪਾਠ ਇਸਦੀ ਮਰਿਯਾਦਾ ਰਹੀ ਹੈ। ਇਥੋਂ ਦੀ ਗੁਰਬਾਣੀ ਦੇ ਉਚਾਰਨ ਅਤੇ ਕੀਰਤਨ ਨੇ ਪੰਜਾਬ ਦੇ ਲੋਕ-ਜੀਵਨ ਵਿੱਚ ਰੂਹ ਭਰੀ ਹੋਈ ਹੈ। ਉਸ ਸਰਵ-ਸ਼ਕਤੀਮਾਨ ਪਰਮਾਤਮਾ ਵਿੱਚ ਸ਼ਰਧਾ ਰੱਖਣ ਵਾਲੇ ਹਰ ਮਨੁੱਖ ਲਈ ਇਹ ਉਤਸ਼ਾਹ ਅਤੇ ਚੜ੍ਹਦੀ ਕਲਾ ਬਖ਼ਸ਼ਣ ਵਾਲਾ ਅਸਥਾਨ ਰਿਹਾ ਹੈ। ਸਿੱਖ ਹਰਿਮੰਦਰ ਤੇ ਅੰਮ੍ਰਿਤ ਸਰੋਵਰ ਤੋਂ ਹੀ ਜੀਅ-ਦਾਨ ਪ੍ਰਾਪਤ ਕਰਦੇ ਹਨ ਅਤੇ ਇਸਨੂੰ ਢਾਹੁਣ ਤੇ ਮਲੀਆਮੇਟ ਕਰਨ ਦੇ ਕਈ ਯਤਨ ਕੀਤੇ ਗਏ, ਪਰ ਸੰਕਟ ਪਿਛੋਂ ਮਹਾਨ-ਸਥਾਨ ਨਵੀਂ ਸ਼ਾਨ ਨਾਲ ਉੱਸਰਿਆ ਤੇ ਸਿੱਖ ਮਾਨਸਿਕਤਾ ਹੋਰ ਵੀ ਸ਼ਿੱਦਤ ਨਾਲ ਇਸ ਨਾਲ ਜੁੜੀ ਗਈ।

## ਪੁਸਤਕ ਸੂਚੀ

1। ਗਿਆਨੀ ਭਜਨ ਸਿੰਘ, ਸ਼੍ਰੀ ਹਰਿਮੰਦਰ ਸਾਹਿਬ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁੱਕ ਬੋਰਡ, ਚੰਡੀਗੜ੍ਹ-1999.

2। ਕੋਹਲੀ, ਸੁਰਿੰਦਰ ਸਿੰਘ (ਡਾ.), ਅੰਮ੍ਰਿਤਸਰ-ਅਨੂਪ ਰਾਮਦਾਸਪੁਰ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ-1978

3। ਨਾਭਾ, ਕਾਹਨ ਸਿੰਘ (ਭਾਈ), ਗੁਰਸ਼ਬਦ ਰਤਨਾਕਾਰ ਮਹਾਨ-ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ-1963.

4। ਗੁਪਤਾ, ਐਮ.ਜੀ. (ਸੰ:) ਸ਼੍ਰੀ ਗੁਰੂ ਅਰਜਨ ਦੇਵ-ਪਰਤੱਖ ਹਰਿ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ-1997.

5। ਕੋਛੜ, ਸੁਰਿੰਦਰ ਤੇ ਸਰੀਨ ਅਨੀਤਾ, ਅੰਮ੍ਰਿਤਸਰ-ਅਰੰਭ ਤੋਂ ਅੱਜ ਤੱਕ, ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ-2010

6. ਉਪੱਲ, ਸਵਿੰਦਰ ਸਿੰਘ (ਡਾ.),ਸਿੱਖ ਧਰਮ ਦਾ ਲਾਸਾਨੀਪਨ, ਨੈਸ਼ਨਲ ਬੁੱਕ ਸ਼ਾਪ, ਦਿੱਲੀ-2000